# ਚਾਂਦਨੀ ਚੌਂਕ ਤੋਂ ਸਰਹਿੰਦ ਤਕ



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਇਹ ਨਾਟਕ 1975 ਵਿਚ ਮੈਂ ਐਮਰਜੈਂਸੀ ਦੇ ਪ੍ਰਤੀਕਰਮ ਵਿਚ ਲਿਖਿਆ। ਇਹਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਉਹ ਬ੍ਰਿਤਾਂਤ ਹੈ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਬੰਦੀ ਬਣਾ ਕੇ ਦਿੱਲੀ ਲਿਆਂਦਾ ਗਿਆ। ਉਹ ਬਾਦਸ਼ਾਹ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰੀ ਹਨ। ਇਸ ਭਾਗ ਦਾ ਅੰਤ ਉਸ ਵੇਲੇ ਹੈ, ਜਦੋਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪੁੱਜਣ ਵਿਚ ਕਾਮਯਾਬ ਹੋ ਜਾਂਦਾ ਹੈ। ਦੂਜਾ ਭਾਗ ਉਹ ਹੈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਫੈਸਲਾ ਕਰ ਲਿਆ ਹੈ ਕਿ ਉਨ੍ਹਾਂ ਨੂੰ ਦਿੱਲੀ ਦੀ ਹਕੂਮਤ ਨਾਲ ਟੱਕਰ ਲੈਣੀ ਪਵੇਗੀ ਅਤੇ ਇਸ ਦੇ ਲਈ ਇਕ ਫੌਜ ਬਣਾਉਣੀ ਜ਼ਰੂਰੀ ਹੈ ਜਿਸ ਦਾ ਆਪਣਾ ਅਨੁਸ਼ਾਸ਼ਨ ਹੋਵੇ ਅਤੇ ਇਸ ਸੋਚ ਦੇ ਅਧੀਨ ਖਾਲਸਾ ਸਾਜਿਆ ਗਿਆ। ਤੀਸਰਾ ਭਾਗ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਤ ਹੈ ਤੇ ਨਾਟਕ ਦਾ ਅੰਤ ਹੈ ਜਦੋਂ ਬੰਦਾ ਬਹਾਦਰ ਨੇ ਸਰਹੰਦ ਸ਼ਹਿਰ ਦੀ ਇੱਟ ਨਾਲ ਇੱਟ ਵਜਾਈ।

ਇਸ ਸਾਰੇ ਨਾਟਕ ਨੂੰ ਲਿਖਿਆ ਅਤੇ ਪੇਸ਼ ਇਸ ਤਰੀਕੇ ਨਾਲ ਕੀਤਾ ਗਿਆ ਕਿ ਉਹ ਪੂਰੀ ਤਰ੍ਹਾਂ ਸਮਕਾਲੀ ਸਥਿਤੀ ਦੇ ਹਾਣ ਦਾ ਹੋ ਕੇ ਨਿੱਬੜੇ। ਮੈਨੂੰ ਇਸ ਗੱਲ ਦਾ ਪੂਰੀ ਤਰ੍ਹਾਂ ਅਹਿਸਾਸ ਹੋ ਚੁੱਕਿਆ ਸੀ ਕਿ ਦਿੱਲੀ ਤਖਤ ਤੋਂ ਹਕੂਮਤ ਭਾਵੇਂ ਔਰੰਗਜ਼ੇਬ ਕਰੇ ਤੇ ਭਾਵੇਂ ਇੰਦਰਾ ਗਾਂਧੀ, ਉਹ ਆਪਣੇ ਆਲੇ-ਦੁਆਲੇ ਜੀ ਹਜ਼ੂਰੀਆਂ ਦੀ ਇਕ ਜੁੰਡਲੀ ਇਕੱਠੀ ਕਰ ਲੈਂਦੇ ਹਨ ਤੇ ਫਿਰ ਤਾਕਤ ਵਿਚ ਅੰਨ੍ਹੇ ਹੋ ਕੇ ਕਿਸੇ ਦਲੀਲ ਦੀ ਆਵਾਜ਼ ਨਹੀਂ ਸੁਣਦੇ, ਸਗੋਂ ਹਰ ਵਿਰੋਧਤਾ ਦੀ ਆਵਾਜ਼ ਨੂੰ ਜਬਰ ਨਾਲ ਬੰਦ ਕਰਨ ਵਿਚ ਯਕੀਨ ਰੱਖਦੇ ਹਨ। ਇਸ ਹਾਲਤ ਵਿਚ ਬਗਾਵਤ ਦਾ ਉਠਣਾ ਜ਼ਰੂਰੀ ਹੁੰਦਾ ਹੈ। ਉਹ ਬਗਾਵਤ ਭਾਵੇਂ ਤਾਕਤ ਨਾਲ ਦਬਾਈ ਵੀ ਜਾਵੇ ਪਰ ਉਹਦਾ ਬੀਜ ਮਰਦਾ ਨਹੀਂ ਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਉਠਦਾ ਰਹਿੰਦਾ ਹੈ। ਨਾਟਕ ਇਹ ਵੀ ਦੱਸਦਾ ਹੈ ਕਿ ਹਾਕਮ ਤਾਕਤ ਵਿਚ ਅੰਨ੍ਹੇ ਹੋਏ ਇਤਿਹਾਸ ਤੋਂ ਕਦੇ ਨਹੀਂ ਸਿੱਖਦੇ। ਇਹ ਨਾਟਕ ਕੁਝ ਬਿਆਨ ਦੇਣ ਲਈ ਹੀ ਵਿਉਂਤਿਆ ਗਿਆ ਸੀ ਤੇ ਇਸ ਦੀ ਭਾਰੀ ਸਫਲਤਾ ਇਨ੍ਹਾਂ ਬਿਆਨਾਂ ਦੀ ਸਾਰਥਿਕਤਾ ਕਰ ਕੇ ਹੀ ਹੈ।

ਇਕ ਬਜ਼ੁਰਗ ਦਰਵੇਸ਼ ਇਸ ਨਾਟਕ ਦਾ ਮੁੱਖ ਪਾਤਰ ਵੀ ਹੈ ਅਤੇ ਸੂਤਰਧਾਰ ਵੀ ਹੈ। ਉਹ ਪਹਿਲੇ ਭਾਗ ਵਿਚ ਤਜਰਬਾਏ ਵਕਤ ਹੈ, ਦੂਜੇ ਭਾਗ ਵਿਚ ਉਹ ਕਥਾਕਾਰ ਹੈ ਅਤੇ ਤੀਜੇ ਭਾਗ ਵਿਚ ਉਹ ਸਮੇਂ ਦੀ ਆਵਾਜ਼ ਹੈ। ਇਹ ਪਾਤਰ ਮੈਂ ਆਪਣੀ ਅਭਿਨੈ ਸ਼ੈਲੀ ਦੇ ਅਨੁਸਾਰ ਹੀ ਘੜਿਆ ਅਤੇ ਹਰ ਥਾਂ ਇਹਨੂੰ ਖੇਡਿਆ ਵੀ ਮੈਂ ਆਪ ਹੀ ਹੈ। ਇਸ ਨਾਟਕ ਵਿਚ ਮੈਂ ਸਮੇਂ ਦੇ ਹਾਕਮਾਂ ਨੂੰ ਸੰਬੋਧਨ ਹੋ ਕੇ ਸਿੱਧੀਆਂ ਗੱਲਾਂ ਕੀਤੀਆਂ ਹਨ। ਪਹਿਲੇ ਭਾਗ ਵਿਚ ਵਾਰਤਾਲਾਪ ਦੇ ਦੋ ਟੋਟੇ ਸਦਾ ਮੇਰੇ ਕੰਨਾਂ ਵਿਚ ਗੂੰਜਦੇ ਰਹਿਣਗੇ। ਜਦੋਂ ਔਰੰਗਜ਼ੇਬ ਆਪਣੇ ਅਹਿਲਕਾਰਾਂ ਨਾਲ ਗੁਰੂ ਤੇਗ ਬਹਾਦਰ ਕੋਲੋਂ ਈਨ ਮੰਨਵਾ ਕੇ ਇਸਲਾਮ ਕਬੂਲ ਕਰਵਾਉਣ ਦੀ ਗੱਲ ਕਰ ਰਿਹਾ ਹੈ ਤਾਂ ਤਜਰਬਾਏ ਵਕਤ ਉਹਨੂੰ ਕਹਿੰਦਾ ਹੈ ਕਿ ਇਸਲਾਮ ਫੈਲਾਉਣ ਦੇ ਜਨੂੰਨ ਵਿਚ ਉਹ ਆਪਣੀ ਪਰਜਾ ਵੱਲ ਆਪਣੇ ਫਰਜ਼ਾਂ ਨੂੰ ਭੁੱਲ ਗਿਆ ਹੈ। ਉਹ ਸਵਾਲ ਕਰਦਾ ਹੈ ਕਿ ਕੀ ਜੇ ਉਹ ਮੁਸਲਮਾਨ ਬਣ ਜਾਣ ਤਾਂ ਉਨ੍ਹਾਂ ਨੂੰ ਰੋਟੀ, ਕੱਪੜਾ ਤੇ ਮਕਾਨ ਮਿਲ ਜਾਣਗੇ? ਤਾਂ ਔਰੰਗਜ਼ੇਬ ਦਾ ਜਵਾਬ ਹੈ ਕਿ ਉਨ੍ਹਾਂ ਨੂੰ ਮਰਨ ਤੋਂ ਬਾਅਦ ਜੰਨਤ ਨਸੀਬ ਹੋ ਜਾਵੇਗੀ। ਤਜਰਬਾਏ ਵਕਤ ਕਹਿੰਦਾ ਹੈ ਕਿ ਇਹ ਸਾਰੇ ਲਾਰੇ ਹਨ ਤੇ ਫਿਰ ਉਹ ਅੱਗੇ ਬਿਆਨ ਦਿੰਦਾ ਹੈ ਕਿ ਇਹ ਇਸ

ਪਈ, ਜਦੋਂ ਬੰਦਾ ਬਹਾਦਰ ਨੇ ਇਸ ਸ਼ਹਿਰ ਦੀ ਇੱਟ ਨਾਲ ਇੱਟ ਵਜਾਈ।

ਇਹ ਸਾਰਾ ਨਾਟਕ ਸੰਘਰਸ਼ਮਈ ਲੋਕਾਂ ਨਾਲ ਜੁੜਿਆ ਹੋਇਆ ਹੈ। ਸੰਘਰਸ਼ ਕਰਦੇ ਹੋਏ ਉਹ ਜਾਨਾਂ ਵਾਰਦੇ ਹਨ। ਸੰਘਰਸ਼ ਲਈ ਉਹ ਲਾਮਬੰਦ ਹੁੰਦੇ ਹਨ ਤੇ ਸਮੇਂ ਨਾਲ ਉਹ ਹਾਕਮਾਂ ਕੋਲੋਂ ਬਦਲਾ ਵੀ ਲੈਂਦੇ ਹਨ।

ਇਸ ਨਾਟਕ ਨਾਲ ਮੇਰੀਆਂ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ। 19 ਸਤੰਬਰ 1986 ਨੂੰ 'ਕਿਵ ਕੂੜੈ ਤੁਟੈ ਪਾਲਿ' ਗਿਆਨੀ ਜ਼ੈਲ ਸਿੰਘ ਤੇ ਸ਼ੇਖ ਅਬਦੁੱਲਾ ਨੇ ਜੰਮੂ ਵਿਚ ਵੇਖਿਆ। ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੋਈ। ਗਿਆਨੀ ਜ਼ੈਲ ਸਿੰਘ ਹੁਰਾਂ ਸਟੇਜ 'ਤੇ ਕਿਹਾ ਕਿ ਗੁਰਸ਼ਰਨ ਸਿੰਘ ਸਾਡੇ ਪੰਜਾਬ ਦਾ ਹੀਰਾ ਹੈ। ਉਂਜ ਉਹ ਸਮਝ ਗਏ ਕਿ ਗੁਰ ਇਤਿਹਾਸ ਨੂੰ ਲੈ ਕੇ ਇਹ ਨਾਟਕ ਕਿਸ ਦੇ ਵਿਰੁਧ ਭੁਗਤ ਰਿਹਾ ਹੈ। ਇਸ ਲਈ ਜਦੋਂ ਮੈਂ ਜੰਮੂ ਤੋਂ ਅੰਮ੍ਰਿਤਸਰ ਵਾਪਸ ਪੁੱਜਿਆ ਤਾਂ ਮੈਨੂੰ ਮੀਸਾ ਐਕਟ ਥੱਲੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਇਕ ਹੋਰ ਯਾਦ ਇਸ ਨਾਟਕ ਬਾਰੇ 1978 ਵਿਚ ਬੰਬਈ ਵਿਚ ਇਕ ਪੇਸ਼ਕਾਰੀ ਨਾਲ ਜੁੜੀ ਹੋਈ ਹੈ। ਸਨਮੁੱਖ ਨੰਦਨ ਦੇ ਵੱਡੇ ਹਾਲ ਵਿਚ ਮੈਂ ਇਹ ਨਾਟਕ ਕਰ ਰਿਹਾ ਸਾਂ। ਐਕਟਰ ਦਲੀਪ ਕੁਮਾਰ ਪਹਿਲੀ ਕਤਾਰ ਵਿਚ ਬੈਠਾ ਸੀ। ਨਾਟਕ ਸ਼ੁਰੂ ਹੋਇਆ ਤਾਂ ਮੈਂ ਇਕੱਲਾ ਇਕ ਦਰਵੇਸ਼ ਦੇ ਪਹਿਰਾਵੇ ਵਿਚ ਵਿੰਗ ਤੋਂ ਬਾਹਰ ਨਿਕਲਿਆ। ਬਗੈਰ ਕਿਸੇ ਮੰਚ ਜ਼ਰੂਰਤ ਜਾਂ ਕਿਸੇ ਵਿਸ਼ੇਸ਼ ਰੌਸ਼ਨੀ ਪ੍ਰਬੰਧ ਦੇ ਇਸ ਤਰ੍ਹਾਂ ਇਕ ਇਕੱਲੇ ਕਲਾਕਾਰ ਦਾ ਇਕ ਵੱਡੀ ਸਟੇਜ 'ਤੇ ਆਉਣਾ ਬੰਬਈ ਦੇ ਦਰਸ਼ਕਾਂ ਲਈ ਇਹ ਇਕ ਹਾਸੋਹੀਣੀ ਗੱਲ ਸੀ। ਕੁਝ ਘੁਸਰ-ਮੁਸਰ ਤੇ ਵਿਅੰਗਮਈ ਹਾਸੇ ਦੀ ਆਵਾਜ਼ ਵੀ ਆਈ ਪਰ ਜਦੋਂ ਮੈਂ ਬੋਲਣਾ ਸ਼ੁਰੂ ਕੀਤਾ, "ਮੈਂ ਇਕ ਦਰਵੇਸ਼ ਹਾਂ, ਸਮੇਂ ਦੀ ਆਵਾਜ਼ ਹਾਂ, ਜੋ ਕੱਲ੍ਹ ਹੋਇਆ ਉਹ ਮੇਰੇ ਸੀਨੇ 'ਤੇ ਉਕਰਿਆ ਹੋਇਆ ਹੈ, ਜੋ ਅੱਜ ਹੋ ਰਿਹਾ, ਉਹ ਵੀ ਮੈਂ ਵੇਖ ਰਿਹਾ ਹਾਂ, ਜੋ ਕੱਲ੍ਹ ਹੋਣ ਵਾਲਾ ਹੈ, ਉਹ ਵੀ ਮੈਂ ਦੱਸ ਸਕਦਾ ਹਾਂ...।" ਹਾਲ ਵਿਚ ਸਨਾਟੇ ਵਰਗੀ ਚੁੱਪ ਛਾ ਗਈ। ਨਾਟਕ ਤੋਂ ਬਾਅਦ ਦਲੀਪ ਕੁਮਾਰ ਸਟੇਜ 'ਤੇ ਆਏ ਤੇ ਕਿਹਾ, "ਸਰਦਾਰ ਸਾਹਿਬ ਸੁਣਿਆ ਕਰਦੇ ਸਾਂ ਕਿ ਸ਼ੈਕਸਪੀਅਰ ਦੇ ਜ਼ਮਾਨੇ ਵਿਚ ਅਦਾਕਾਰ ਖਾਲੀ ਸਟੇਜ 'ਤੇ ਆਪਣੀ ਆਵਾਜ਼ ਤੇ ਅਦਾਕਾਰੀ ਦੇ ਜ਼ੋਰ ਨਾਲ ਹਜ਼ਾਰਾਂ ਲੋਕਾਂ 'ਤੇ ਆਪਣਾ ਜਾਦੂ ਦਾ ਅਸਰ ਵਿਖਾਂਦੇ ਸਨ, ਅੱਜ ਇਸ ਫਨ ਦਾ ਕਮਾਲ ਫਿਰ ਦੇਖਿਆ, ਅਸੀਂ ਤੁਹਾਡੇ ਵਰਗੇ ਅਜ਼ੀਮ ਫਨਕਾਰ ਅੱਗੇ ਆਪਣਾ ਸਿਰ ਝੁਕਾਂਦੇ ਹਾਂ।" ਇਕ ਬਹੁਤ ਵੱਡੇ ਕਲਾਕਾਰ ਦੀ ਦੂਜੇ

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਹੋ ਗਈ । ਔਰੰਗਜ਼ੇਬ ਕੱਟੇ ਹੋਏ ਸੀਸ ਨੂੰ ਆਪਣੇ ਕਦਮਾਂ ਵਿਚ ਵੇਖਣਾ ਚਾਹੁੰਦਾ ਹੈ। ਤਜਰਬਾਏ ਵਕਤ ਦੀ ਟਿੱਪਣੀ ਹੈ ਕਿ ਜਿਸ ਸੀਸ ਨੂੰ ਉਹ ਜੀਂਦੇ ਜੀ ਨਹੀਂ ਝੁਕਾ ਸਕਿਆ, ਹੁਣ ਮੌਤ ਤੋਂ ਬਾਅਦ ਆਪਣੇ ਕਦਮਾਂ ਵਿਚ ਵੇਖਣਾ ਚਾਹੁੰਦਾ ਹੈ। ਇਸ ਤੋਂ ਵੱਡੀ ਹਾਰ ਭਲਾਂ ਔਰੰਗਜ਼ੇਬ ਦੀ ਹੋਰ ਕੀ ਹੋ ਸਕਦੀ ਹੈ? ਬਾਦਸ਼ਾਹਾਂ ਦੀ ਤਾਕਤ ਇਕ ਭਰਮ ਤੋਂ ਸਿਵਾਏ ਕੁਝ ਨਹੀਂ।

ਨਾਟਕ ਦਾ ਦੂਜਾ ਭਾਗ ਇਕ ਵਿਅੰਗਮਈ ਸ਼ੈਲੀ ਵਿਚ ਲਿਖਿਆ ਗਿਆ ਹੈ ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਣ ਲਈ ਆਪਣੇ ਸਿੱਖਾਂ ਦੀ ਪਰਖ ਕੀਤੀ। ਇਸ ਪਰਖ ਵਿਚ ਕੌਣ ਪੂਰੇ ਉਤਰੇ? ਉਹੀ ਪੂਰੇ ਉਤਰੇ ਜੋ ਹੱਥਾਂ ਦੀ ਕਿਰਤ ਕਰਨ ਵਾਲੇ ਸਨ। ਵਿਹਲੀਆਂ ਖਾਣ ਵਾਲੇ ਮਸੰਦ ਪੂਰੀ ਤਰ੍ਹਾਂ ਨੰਗੇ ਹੋਏ। ਇਕਾਂਗੀ ਦੇ ਰੂਪ ਵਿਚ ਲਿਖਿਆ ਗਿਆ ਇਹ ਭਾਗ ਜੋ ਸੂਤਰਧਾਰ ਦੀ ਵਿਆਖਿਆ ਰਾਹੀਂ ਪੂਰੀ ਤਰ੍ਹਾਂ ਪਹਿਲੇ ਭਾਗ ਨਾਲ ਜੁੜਦਾ ਹੈ, ਚੋਣਵੇਂ ਇਕਾਂਗੀਆਂ ਦੇ ਸੰਗ੍ਰਹਿਾਂ ਵਿਚ ਵੀ ਆਜ਼ਾਦਾਨਾ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ।

ਤੀਜਾ ਭਾਗ 'ਕਿਵ ਕੂੜੇ ਤੁਟੈ ਪਾਲਿ' ਦੇ ਰੂਪ ਵਿਚ ਹੈ। ਇਹਦੇ ਵਿਚ ਇਹ ਸਵਾਲ ਉਠਾਇਆ ਗਿਆ ਹੈ ਕਿ ਜਦੋਂ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਿਆ ਜਾ ਰਿਹਾ ਸੀ ਤਾਂ ਸਰਹੰਦ ਦੇ ਆਮ ਲੋਕ ਕਿੱਥੇ ਸਨ? ਕਿਉਂ ਉਨ੍ਹਾਂ ਨੇ ਇਹ ਸਾਰਾ ਜ਼ੁਲਮ ਚੁੱਪ ਦਰਸ਼ਕਾਂ ਵਾਂਗ ਵੇਖਿਆ? ਜੇ ਉਨ੍ਹਾਂ ਨੇ ਵੇਖਿਆ ਤਾਂ ਉਨ੍ਹਾਂ ਨੂੰ ਇਹਦੀ ਕੀਮਤ ਚੁਕਾਣੀ



'ਚਾਂਦਨੀ ਚੌਕ ਤੋਂ ਸਰਹੰਦ ਤਕ' ਦਾ ਇਕ ਦ੍ਰਿਸ਼।

ਪਿੱਛੋਂ ਲਿਖਿਆ ਨੋਟ: ਮੇਰੇ ਕੁਝ ਸਾਥੀਆਂ ਦਾ ਇਸ ਨਾਟਕ ਬਾਰੇ ਇਕ ਇਤਰਾਜ਼ ਹੈ ਕਿ ਇਹ ਸਿੱਖਾਂ ਵਿਚ ਸ਼ਾਵਨਵਾਦੀ ਰੁਚੀਆਂ ਨੂੰ ਜਨਮ ਦਿੰਦਾ ਹੈ। ਇਸ ਇਤਰਾਜ਼ ਵਿਚ ਵਜ਼ਨ ਹੈ ਪਰ ਜਿਸ ਸਮੇਂ ਇਹ ਲਿਖਿਆ ਗਿਆ, ਮੈਂ ਇਸ ਨਾਲ ਜਬਰ ਦੇ ਵਿਰੁਧ ਸੰਘਰਸ਼ ਦਾ ਇਕ ਜ਼ੋਰਦਾਰ ਸੁਨੇਹਾ ਦੇਣ ਵਿਚ ਸਫਲ ਹੋਇਆ। ਇਕ ਦੌਰ ਆਇਆ, ਮੈਂ ਇਸ ਨਾਟਕ ਨੂੰ ਖੇਡਣ ਤੋਂ ਹਿਚਕਚਾਇਆ, ਕਿਉਂਕਿ ਪੰਜਾਬ ਵਿਚ ਜਦੋਂ ਹਿੰਦੂਆਂ ਅਤੇ ਨਿਰੰਕਾਰੀਆਂ ਦੇ ਕਤਲ ਹੋ ਰਹੇ ਸਨ ਤਾਂ ਮੈਨੂੰ ਲਗਿਆ ਕਿ ਉਹੀ ਗੁਰੂ ਦੇ ਸਿੱਖ ਜੋ ਹਮੇਸ਼ਾ ਜਬਰ ਦੇ ਵਿਰੁਧ ਸੰਘਰਸ਼ ਕਰਦੇ ਰਹੇ ਹਨ, ਉਹ ਆਪ ਜਾਬਰ ਬਣ ਗਏ ਹਨ ਤਾਂ ਦੂਜਿਆਂ ਕੋਲੋਂ ਜੀਣ ਦਾ ਹੱਕ ਖੋਹ ਰਹੇ ਹਨ। ਅੱਜ ਦੇ ਸਮੇਂ ਵਿਚ ਇਕ ਪਾਸੇ ਕੇਂਦਰ ਦੀਆਂ ਗਲਤ ਨੀਤੀਆਂ ਤੇ ਕੇਂਦਰ ਦੀ ਜ਼ਿੱਦ ਕਰ ਕੇ ਅਤੇ ਦੂਜੇ ਪਾਸੇ ਜਨੂੰਨੀ ਲੋਕਾਂ ਦੀ ਜ਼ਿੱਦ ਕਰ ਕੇ ਪੰਜਾਬ ਵਿਚ ਜੋ ਜਬਰ ਦੀ ਲਹਿਰ ਚਲ ਰਹੀ ਹੈ ਤੇ ਮਾਸੂਮਾਂ ਦੇ ਕਤਲਾਂ ਦਾ ਜੋ ਸਿਲਸਲਾ ਚਲ ਰਿਹਾ ਹੈ, ਮੈਂ ਇਸ ਨਾਟਕ ਨੂੰ ਫਿਰ ਵਿਸ਼ਾਲ ਇਕੱਠਾਂ ਵਿਚ ਲਿਜਾਣ ਦਾ ਇਰਾਦਾ ਰੱਖਦਾ ਹਾਂ। ਦਰਵੇਸ਼ ਜੋ ਸਮੇਂ ਦੀ ਆਵਾਜ਼ ਹੈ ਜਿਥੇ ਜਬਰ ਦੇ ਵਿਰੁਧ ਸੰਘਰਸ਼ ਦਾ ਸੁਨੇਹਾ ਦੇਵੇਗਾ ਉਥੇ ਇਹ ਵੀ ਦੱਸੇਗਾ ਕਿ ਸੰਘਰਸ਼ ਉਹੀ ਸਹੀ ਹੁੰਦਾ ਹੈ ਜਿਸ ਦਾ ਨਿਸ਼ਾਨਾ ਸਹੀ ਹੋਵੇ ਤੇ ਜਿਸ ਵਿਚ ਮਾਸੂਮ ਤੇ ਬੇਗੁਨਾਹ ਲੋਕ ਜ਼ੁਲਮ ਅਤੇ ਜਬਰ ਦਾ ਸ਼ਿਕਾਰ ਨਾ ਹੋਣ। ਦਰਵੇਸ਼ ਵਿਚ ਜੁਅੱਰਤ ਹੋਵੇਗੀ ਕਿ ਉਹ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਆਖੇ।